**THE STATE EDUCATION DEPARTMENT** / THE UNIVERSITY OF THE STATE OF NEW YORK / ALBANY, NY 12234

Jhone M. Ebert, Senior Deputy Commissioner for Education Policy
Education Building, Room 2M EB (518) 474-3862
89 Washington Avenue
Albany, NY 12234
jhone.ebert@nysed.gov

27 ਫ਼ਰਵਰੀ, 2017

ਲਈ: ਡਿਸਟ੍ਰਿਕਟ ਸੁਪਰਿਨਟੈਂਡੈਂਟਸ
ਸਰਕਾਰੀ ਸਕੂਲਾਂ ਦੇ ਸੁਪਰਿਨਟੈਂਡੈਂਟਸ
ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ
ਗ਼ੈਰਸਰਕਾਰੀ ਅਤੇ ਚਾਰਟਰ ਸਕੂਲਾਂ ਦੇ ਪ੍ਰਸ਼ਾਸਕ

ਤੋਂ: ਜਾੱਨ ਐਮ ਈਬਰਟ, ਸੀਨੀਅਰ ਡਿਪਟੀ ਕਮਿਸ਼ਨਰ

ਵਿਸ਼ਾ: ਇਮੀਗ੍ਰੇਸ਼ਨ ਸਬੰਧੀ ਹਾਲੀਆ ਕਾਰਵਾਈਆਂ ਨੂੰ ਧਿਆਨ ਵਿਚ ਰੱਖਦਿਆਂ ਸਕੂਲਾਂ ਵਿਚ ਤੰਗ-ਪਰੇਸ਼ਾਨ ਕਰਨ, ਧੱਕੜਪੁਣਾ ਅਤੇ ਪੱਖਪਾਤ ਦਾ ਮੁਕਾਬਲਾ ਕਰਨ ਲਈ ਉਪਲਬਧ ਸੇਧ ਅਤੇ ਵਸੀਲੇ

ਹਾਲੀਆ ਹਫ਼ਤਿਆਂ ਵਿਚ ਖ਼ਬਰਾਂ ਸਬੰਧੀ ਮੀਡੀਆ ਵਿਚ ਦੇਸ਼ ਭਰ ਵਿਚਲੇ ਸਕੂਲਾਂ ਵਿਚ ਧੱਕੜਪੁਣੇ, ਪੱਖਪਾਤ ਅਤੇ ਤੰਗ-ਪਰੇਸ਼ਾਨ ਕੀਤੇ ਜਾਣ ਦੀਆਂ ਘਟਨਾਵਾਂ ਬਾਰੇ ਰਿਪੋਰਟਾਂ ਸਾਹਮਣੇ ਆਈਆਂ ਹਨ। ਇਸ ਤੋਂ ਅਲਾਵਾ, ਫ਼ੈਡਰਲ ਅਫ਼ਸਰਾਂ ਵਲੋਂ ਹਾਲ ਵਿਚ ਇਮੀਗ੍ਰੇਸ਼ਨ ਸਬੰਧੀ ਕਾਰਵਾਈਆਂ ਕੀਤੀਆਂ ਗਈਆਂ ਹਨ, ਜਿਹਨਾਂ ਕਰਕੇ ਦੇਸ਼ ਭਰ ਵਿਚ ਡਰ ਅਤੇ ਘਬਰਾਹਟ ਫੈਲ ਗਈ ਹੈ। ਨਿਊ ਯਾੱਰਕ ਸਟੇਟ ਸਿੱਖਿਆ ਵਿਭਾਗ ("NYSED" ਜਾਂ "ਵਿਭਾਗ") ਅਜਿਹੀ ਕਿਸੇ ਵੀ ਕਾਰਵਾਈ ਨੂੰ ਗੰਭੀਰਤਾ ਨਾਲ ਲੈਂਦਾ ਹੈ, ਜੋ ਸਕੂਲ ਦੇ ਮਾਹੌਲ ਨਾਲ ਸਮਝੌਤਾ ਕਰਦੀ ਹੈ, ਜਿੱਥੇ ਸਾਡੇ ਵਿਦਿਆਰਥੀ ਰੋਜ਼ ਪੜ੍ਹਣ ਲਈ ਆਉਂਦੇ ਹਨ। ਨਿਊ ਯਾੱਰਕ ਸਟੇਟ, ਵਕੀਲ, ਮਾਤਾ-ਪਿਤਾ ਅਤੇ ਸਕੂਲ ਦੇ ਸਟਾਫ਼ ਨੇ ਵਿਭਾਗ ਨੂੰ ਤੰਗ-ਪਰੇਸ਼ਾਨ ਕਰਨ, ਧੱਕੜਪੁਣੇ ਅਤੇ ਪੱਖਪਾਤ ਦਾ ਮੁਕਾਬਲਾ ਕਰਨ ਲਈ ਮੌਜੂਦਾ ਸੇਧ ਅਤੇ ਸ੍ਰੋਤਾਂ ਦਾ ਪਸਾਰ ਕਰਨ ਅਤੇ ਤਿਆਰ ਕਰਨ ਦੇ ਨਾਲ ਹੀ ਸਾਰੇ ਵਿਦਿਆਰਥੀਆਂ ਲਈ ਮਾਣ ਬਾਰੇ ਕਾਨੂੰਨ ("DASA" ਜਾਂ "ਮਾਣ ਬਾਰੇ ਕਾਨੂੰਨ") ਅਨੁਸਾਰ ਸਕੂਲ ਦਾ ਉਸਾਰੂ ਮਾਹੌਲ ਬਣਾਉਣ ਅਤੇ ਬਣਾਈ ਰੱਖਣ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਵਧਾਉਣ ਲਈ ਕਿਹਾ ਹੈ।

ਵਿਦਿਆਰਥੀਆਂ ਨੂੰ ਸਕੂਲ ਦੀ ਸੰਪਤੀ, ਸਕੂਲ ਦੀ ਬੱਸ ਅਤੇ/ਜਾਂ ਸਕੂਲ ਦੇ ਪ੍ਰੋਗਰਾਮ ਵਿਚ ਪੱਖਪਾਤ, ਤੰਗ-ਪਰੇਸ਼ਾਨ ਕਰਨ ਅਤੇ ਧੱਕੜਪੁਣੇ ਤੋਂ ਮੁਕਤ ਸੁਰੱਖਿਅਤ ਅਤੇ ਸਹਾਇਕ ਮਾਹੌਲ ਉਪਲਬਧ ਕਰਾਉਣ ਲਈ ਨਿਊ ਯਾੱਰਕ ਸਟੇਟ ਦੇ ਮਾਣ ਸਬੰਧੀ ਕਾਨੂੰਨ 'ਤੇ ਇਸ ਨੂੰ ਕਾਨੂੰਨ ਬਣਾਉਣ ਲਈ 2012 ਵਿਚ ਦਸਤਖ਼ਤ ਕੀਤੇ ਗਏ ਸੀ ਅਤੇ ਸਾਈਬਰ ਧੱਕੜਪੁਣਾ ਸ਼ਾਮਿਲ ਕਰਨ ਲਈ ਇਸ ਵਿਚ 2013 ਵਿਚ ਤਰਮੀਮ ਕੀਤੀ ਗਈ ਸੀ।[1] ਕਾਨੂੰਨ ਸਕੂਲਾਂ ਤੋਂ ਚਾਹੁੰਦਾ ਹੈ ਕਿ ਉਹ ਵਿਦਿਆਰਥੀਆਂ, ਮਾਪਿਆਂ ਦਾ ਫ਼ਰਜ਼ ਨਿਭਾਉਣ ਵਾਲੇ ਵਿਅਕਤੀਆਂ ਅਤੇ ਸਟਾਫ਼ ਨੂੰ DASA ਬਾਰੇ ਜਾਣਕਾਰੀ ਉਪਲਬਧ ਕਰਾਈ ਜਾਏ ਅਤੇ ਸਕੂਲ ਲਈ ਲੋੜੀਂਦਾ ਸੁਰੱਖਿਅਤ ਮਾਹੌਲ ਤਿਆਰ ਕਰਨ ਵਾਸਤੇ ਪਾੱਲਿਸੀਆਂ ਅਤੇ ਅਮਲ ਤਿਆਰ ਕੀਤੇ ਜਾਣ। ਵਿਸ਼ੇਸ਼ ਤੌਰ 'ਤੇ DASA ਚਾਹੁੰਦਾ ਹੈ ਕਿ ਸਕੂਲ ਡਿਸਟ੍ਰਿਕਟਸ ਵਿਹਾਰ ਦਾ ਜ਼ਾਬਤਾ ਤਿਆਰ ਕਰਨ, ਜੋ ਹੋਰਨਾਂ ਵਿਦਿਆਰਥੀਆਂ ਜਾਂ ਸਕੂਲ ਦੇ ਮੁਲਾਜ਼ਮਾਂ ਵਲੋਂ ਵਿਦਿਆਰਥੀਆਂ ਨੂੰ ਤੰਗ-ਪਰੇਸ਼ਾਨ ਕਰਨ, ਧੱਕੜਪੁਣੇ (ਸਾਈਬਰ ਧੱਕੜਪੁਣਾ ਸ਼ਾਮਿਲ ਹੈ) ਅਤੇ ਪੱਖਪਾਤ ਕਰਨ ਦੀ ਮਨਾਹੀ ਕਰਦਾ ਹੈ, ਦੇ ਨਾਲ ਹੀ ਪੱਖਪਾਤ ਅਤੇ ਤੰਗ-ਪਰੇਸ਼ਾਨ ਕਰਨ ਦੀਆਂ ਘਟਨਾਵਾਂ ਲਈ ਜਵਾਬ ਦੇਣ ਅਤੇ ਅਜਿਹੀਆਂ ਘਟਨਾਵਾਂ ਬਾਰੇ NYSED ਨੂੰ ਰਿਪੋਰਟਿੰਗ ਕਰਨ ਦੇ ਪ੍ਰਬੰਧ ਹਨ।

[1] ਮਾਣ ਸਬੰਧੀ ਕਾਨੂੰਨ ਨਾਲ ਸਬੰਧਿਤ ਵਾਧੂ ਸੇਧ ਅਤੇ ਵਸੀਲਿਆਂ ਲਈ ਕਿਰਪਾ ਕਰਕੇ http://www.p12.nysed.gov/dignityact/ 'ਤੇ ਜਾਓ।

ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ, NYSED, ਨਿਊ ਯਾੱਰਕ ਸਟੇਟ ਦਫ਼ਤਰ ਦੇ ਅਟਾੱਰਨੀ ਜਨਰਲ ("OAG") ਨਾਲ ਇਕੱਠਿਆਂ ਸਕੂਲ ਦੇ ਸਟਾਫ਼, ਵਿਦਿਆਰਥੀਆਂ ਅਤੇ ਮਾਤਾ-ਪਿਤਾ ਤੰਗ-ਪਰੇਸ਼ਾਨ ਕਰਨ, ਧੱਕੜਪੁਣੇ ਅਤੇ ਪੱਖਪਾਤ ਦੀਆਂ ਘਟਨਾਵਾਂ ਦੀ ਰਿਪੋਰਟ ਕਰਨ ਅਤੇ ਹੱਲ ਲਈ ਮਦਦ ਵਾਸਤੇ ਸੇਧ ਅਤੇ ਵਸੀਲੇ ਜਾਰੀ ਕੀਤੇ ਹਨ। NYSED ਅਤੇ OAG ਨੇ ਅਗਸਤ 2016 ਵਿਚ ਸੇਧ ਸਬੰਧੀ ਸਾਂਝਾ ਦਸਤਾਵੇਜ਼ ਜਾਰੀ ਕੀਤਾ ਸੀ, ਜਿਸ ਵਿਚ ਰਿਪੋਰਟਿੰਗ ਅਤੇ DASA ਘਟਨਾਵਾਂ ਦੀ ਜਾਂਚ ਲਈ ਨਮੂਨਾ ਫ਼ਾਰਮ ਸ਼ਾਮਿਲ ਹੈ।[2] ਵਿਭਾਗ ਸਕੂਲਾਂ ਅਤੇ ਪਰਿਵਾਰਾਂ ਨੂੰ ਚੇਤੇ ਕਰਾਕੇ ਇਸ ਅਹਿਮ ਕੰਮ ਨੂੰ ਵਧਾਉਣਾ ਚਾਹੁੰਦਾ ਹੈ ਕਿ DASA ਸਬੰਧੀ ਸੇਧ ਅਤੇ ਤਕਨੀਕੀ ਸਹਾਇਤਾ ਅਤੇ ਵਿਭਾਗ ਤੋਂ ਸੁਰੱਖਿਅਤ ਅਤੇ ਸਹਾਇਕ ਸਕੂਲ ਉਪਲਬਧ ਹਨ।

NYSED ਡਿਸਟ੍ਰਿਕਟਸ, ਮਾਤਾ-ਪਿਤਾ ਅਤੇ ਸਰਪ੍ਰਸਤਾਂ, ਜਿਹਨਾਂ ਦੇ DASA ਬਾਰੇ ਸੁਆਲ ਹਨ ਅਤੇ ਢੁਕਵੀਂ ਜਾਂਚ ਦੀ ਪ੍ਰੈਕਟਿਸ ਅਤੇ ਅਮਲਾਂ ਬਾਰੇ ਸੇਧ ਅਤੇ ਤਕਨੀਕੀ ਸਹਾਇਤਾ ਅਤੇ ਸੁਰੱਖਿਅਤ ਅਤੇ ਸਹਾਇਕ ਸਕੂਲੀ ਮਾਹੌਲ ਤਿਆਰ ਕਰਨ ਅਤੇ ਬਣਾਈ ਰੱਖਣ ਦੇ ਬਿਹਤਰੀਨ ਢੰਗ-ਤਰੀਕਿਆਂ ਲਈ NYSED ਨਾਲ ਸੰਪਰਕ ਕਰਨ ਵਾਸਤੇ ਪ੍ਰੇਰਦਾ ਹੈ। ਵਿਭਾਗ ਨਾਲ ਇੱਥੇ ਸੰਪਰਕ ਕੀਤਾ ਜਾ ਸਕਦਾ ਹੈ:

- (718) 722-2445 'ਤੇ ਦੁਭਾਸ਼ੀ ਭਾਸ਼ਾ ਅਤੇ ਵਿਸ਼ਵ ਭਾਸ਼ਾਵਾਂ (OBEWL) ਦਾ ਦਫ਼ਤਰ ਜਾਂ obewl@nysed.gov *ਜਾਂ*
- (518) 486-6090 'ਤੇ ਵਿਦਿਆਰਥੀ ਸਹਾਇਤਾ ਸੇਵਾਵਾਂ (SSS) ਦਾ ਦਫ਼ਤਰ ਜਾਂ studentsupportservices@nysed.gov.

ਇਸ ਤੋਂ ਅਲਾਵਾ, ਉਹਨਾਂ ਲੋਕਾਂ, ਜਿਹਨਾਂ ਦੇ DASA ਬਾਰੇ ਸੁਆਲ ਹਨ, ਜਿਹਨਾਂ ਨੂੰ ਭਾਸ਼ਾ ਦੀ ਸਹਾਇਤਾ ਦੀ ਲੋੜ ਹੈ, ਹੇਠਾਂ ਦਿੱਤਿਆਂ ਰਾਹੀਂ ਨਿਊ ਯਾੱਰਕ ਯੂਨਿਵਰਸਿਟੀ ("NYU") ਵਿਚਲੀ ਭਾਸ਼ਾ ਦੇ ਇਲਾਕਾਈ ਦੁਭਾਸ਼ੀ ਸਿੱਖਿਆ ਸ੍ਰੋਤ ਨੈਟਵਰਕ (RBERN) ਦੀ ਮੁੱਖ ਹਾੱਟਲਾਈਨ ਨਾਲ ਸੰਪਰਕ ਕਰ ਸਕਦੇ ਹਨ:

- ਪੁੱਛਗਿੱਛ ਫ਼ਾਰਮ ਇੱਥੇ (here) ਭਰੋ
- ਫੋਨ: (800) 469-8224
- ਫ਼ੈਕਸ: (212) 995-4199
- ਈਮੇਲ: nysparenthotline@nyu.edu
- ਡਾਕ: NYS ELL Parent Hotline Team<br>c/o NYS Statewide Language RBERN at NYU MetroCenter<br>726 Broadway – 5th Floor<br>New York, NY 10003

ਸਿੱਖਿਆ ਕਾਨੂੰਨ §310 ਅਨੁਸਾਰ ਲੋਕ ਵਿਅਕਤੀਗਤ ਤੌਰ 'ਤੇ ਵੀ ਡਿਸਟ੍ਰਿਕਟ ਦੀ ਕਾਰਵਾਈ ਦੀ ਅਪੀਲ ਕਰ ਸਕਦੇ ਹਨ। ਸਿੱਖਿਆ ਕਾਨੂੰਨ §310 ਪ੍ਰਬੰਧ ਕਰਦਾ ਹੈ ਕਿ ਧਿਰਾਂ ਸਕੂਲ ਡਿਸਟ੍ਰਿਕਟ ਦੀ ਮੀਟਿੰਗ ਵਿਖੇ ਜਾਂ ਸਕੂਲ ਦੇ ਅਫ਼ਸਰਾਂ ਵਲੋਂ ਕੀਤੀ ਗਈ ਕਾਰਵਾਈ ਕਰਕੇ ਉਹਨਾਂ ਨੂੰ ਕਸ਼ਟ ਪਹੁੰਚਿਆ ਹੈ, ਤਾਂ ਉਹ ਅਜਿਹੀ ਕਾਰਵਾਈ ਦੇ ਜਾਇਜ਼ੇ ਲਈ ਸਿੱਖਿਆ ਕਮਿਸ਼ਨਰ ਨੂੰ ਅਪੀਲ ਕਰ ਸਕਦੇ ਹਨ। ਅਪੀਲਾਂ ਦਾਇਰ ਕਰਨ ਬਾਰੇ ਜਾਣਕਾਰੀ ਅੰਗ੍ਰੇਜ਼ੀ, ਸਪੈਨਿਸ਼, ਅਰਬੀ, ਚੀਨੀ (ਸਰਲੀਕ੍ਰਿਤ), ਬੰਗਾਲੀ ਅਤੇ ਹੈਤੀ ਕ੍ਰਿਓਲ ਵਿਚ: www.counsel.nysed.gov 'ਤੇ ਉਪਲਬਧ ਹੈ।

ਕਿਰਪਾ ਕਰਕੇ ਧਿਆਨ ਦਿਓ ਕਿ ਵਿਭਾਗ ਨਿਜੀ ਤੌਰ 'ਤੇ ਪਛਾਣਯੋਗ ਵਿਦਿਆਰਥੀ ਦੇ ਪੱਧਰ ਦੀ ਜਾਣਕਾਰੀ ਦੀ ਰਾਜ਼ਦਾਰੀ ਦੀ ਰਾਖੀ ਕਰਨ ਲਈ ਵਚਨਬੱਧ ਹੈ ਅਤੇ ਅਜਿਹੀ ਸਾਰੀ ਜਾਣਕਾਰੀ ਨਾਲ ਲਾਗੂ ਰਾਜ਼ਦਾਰੀ ਦੇ ਕਾਨੂੰਨ ਅਤੇ ਨੇਮ, ਜਿਹਨਾਂ ਵਿਚ ਫ਼ੈਡਰਲ ਪਰਿਵਾਰਕ ਵਿਦਿਅਕ ਹੱਕ ਅਤੇ ਰਾਜ਼ਦਾਰੀ ਕਾਨੂੰਨ ("FERPA") ਸ਼ਾਮਿਲ ਹਨ, ਅਨੁਸਾਰ ਨਜਿੱਠਿਆ ਜਾਂਦਾ ਹੈ।

---

[2] ਇਹ ਸੇਧ http://www.p12.nysed.gov/dignityact/documents/SED-AGLttrandGuidance8-31-16.pdf 'ਤੇ ਮਿਲ ਸਕਦੀ ਹੈ।

ਵਿਭਾਗ, ਪੂਰੇ ਨਿਊ ਯਾੱਰਕ ਵਿਚ ਬੋਲੀਆਂ ਜਾਣ ਵਾਲੀਆਂ ਮੁੱਖ ਦਸ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਹੋਏ DASA ਬਾਰੇ ਸ੍ਰੋਤ ਮਾਤਾ-ਪਿਤਾ, ਸਰਪ੍ਰਸਤਾਂ ਅਤੇ ਹੋਰ ਇੱਛੁੱਕ ਲੋਕਾਂ ਨੂੰ ਉਪਲਬਧ ਕਰਾਏਗਾ।

ਇਸ ਤੋਂ ਅਲਾਵਾ NYSED ਨੇ ਹੇਠਾਂ ਦਿੱਤੇ ਸ੍ਰੋਤਾਂ ਅਤੇ ਟੂਲਸ ਦਾ ਪਤਾ ਲਾਇਆ ਹੈ, ਜੋ ਸਕੂਲ ਦੇ ਸਟਾਫ਼, ਵਿਦਿਆਰਥੀਆਂ, ਮਾਤਾ-ਪਿਤਾ ਅਤੇ ਭਾਈਚਾਰਿਆਂ ਦੀ ਮਦਦ ਕਰ ਸਕਦੇ ਹਨ। ਜਿੱਥੇ ਲਾਗੂ ਹੋਣ, ਕਿਰਪਾ ਕਰਕੇ ਇਹਨਾਂ ਸ੍ਰੋਤਾਂ ਦੀ ਵਰਤੋਂ ਕਰੋ ਅਤੇ ਆਪਣੇ ਸਕੂਲ ਦੇ ਭਾਈਚਾਰਿਆਂ ਦੇ ਟੀਚਿਆਂ ਅਤੇ ਲੋੜਾਂ ਦੀ ਇਹਨਾਂ ਟੂਲਸ ਨਾਲ ਤਾਲਮੇਲ ਕਰਕੇ ਸਾਰੇ ਬੱਚਿਆਂ ਦੀ ਸੁਰੱਖਿਆ ਅਤੇ ਸਿਹਤ ਯਕੀਨੀ ਬਣਾਉਣ ਦੀਆਂ ਸਾਡੀਆਂ ਕੋਸ਼ਿਸ਼ਾਂ ਵਿਚ ਸਾਡੇ ਨਾਲ ਸ਼ਾਮਿਲ ਹੋਵੋ।

- ਡਿਸਟ੍ਰਿਕਟ ਸੁਪਰਿਨਟੈਂਡੈਂਟਸ ਅਤੇ ਸੇਧ ਲਈ NYSED ਅਤੇ NYS ਅਟਾੱਰਨੀ ਜਨਰਲ ਦੀ ਚਿੱਠੀ: http://www.p12.nysed.gov/dignityact/documents/SED-AGLttrandGuidance8-31-16.pdf
- ਆਪਣੇ ਸਕੂਲਾਂ ਵਿਚ ਧੱਕੜਪੁਣੇ, ਤੰਗ-ਪਰੇਸ਼ਾਨ ਕਰਨ, ਡਰਾਉਣਾ-ਧਮਕਾਉਣਾ ਅਤੇ ਪੱਖਪਾਤ ਨਾਲ ਨਜਿੱਠਣਾ: http://www.p12.nysed.gov/dignityact/documents/PreventBullyingInYourSchool_Nov2016.pdf
- ਸਿਖਲਾਈ ਸਕੂਲ ਦੇ ਮੁਲਾਜ਼ਮਾਂ ਵਿਚ ਸਕੂਲ ਡਿਸਟ੍ਰਿਕਟਸ ਦੀ ਮਦਦ ਲਈ ਮਾੱਡਲ ਸਿਖਲਾਈ ਸਮਗ੍ਰੀ: https://ag.ny.gov/sites/default/files/dasa_training_materials_final_-_8.30.16.pdf
- ਸਾਰੇ ਵਿਦਿਆਰਥੀਆਂ ਲਈ ਮਾਣ ਬਾਰੇ ਕਾਨੂੰਨ, ਇਸ ਵਿਚ ਸੁਰੱਖਿਅਤ ਅਤੇ ਸਹਾਇਕ ਸਕੂਲ ਸਿਰਜਣ ਬਾਰੇ ਵਾਧੂ ਸੇਧ ਅਤੇ ਟੂਲਸ ਨਾਲ "ਸਕੂਲ ਪ੍ਰਸ਼ਾਸਕਾਂ ਅਤੇ ਫ਼ੈਕਲਟੀ ਲਈ ਸ੍ਰੋਤ ਅਤੇ ਸਮਰੱਥ ਪ੍ਰੈਕਟਿਸਾਂ ਵਾਲੀ ਗਾਈਡ": http://www.p12.nysed.gov/dignityact
- ਪੜ੍ਹਾਉਣ ਦੀ ਸਹਿਣਸ਼ੀਲਤਾ ਅਤੇ ਸੁਰੱਖਿਅਤ ਅਤੇ ਪੜ੍ਹਾਈ ਦਾ ਨਰੋਆ ਮਾਹੌਲ ਬਣਾਈ ਰੱਖਣ ਲਈ ਸਕੂਲ ਸੇਫ਼ਟੀ ਕੁਇਕ ਲਿੰਕ ਰਿਸੋਰਸਿਜ਼ ਲਈ ਨਿਊ ਯਾੱਰਕ ਸਟੇਟ ਸੈਂਟਰ: http://www.nyscfss.org/#!quick-links/c13iz
- ਸਕੂਲਾਂ ਲਈ ਸਕੂਲ ਐਮਰਜੈਂਸੀ ਰਿਸਪੌਂਸ ਪਲੈਨਿੰਗ ਅਤੇ ਮੈਂਟਲ ਹੈਲਥ ਰਿਸੋਰਸਿਜ਼ ਬਾਰੇ NYSED ਸਬੰਧੀ ਜਾਣਕਾਰੀ: http://www.p12.nysed.gov/sss/ssae/schoolsafety/save/
- ਸਕੂਲ ਸਿਹਤ ਸੋਧੀ ਹੋਈ ਮਾਨਸਿਕ ਸਿਹਤ ਅਤੇ ਸਲਾਹਕਾਰੀ ਦੇ ਵਸੀਲਿਆਂ ਬਾਰੇ ਪੰਨੇ ਲਈ ਨਿਊ ਯਾੱਰਕ ਸਟੇਟ ਸੈਂਟਰ: https://www.schoolhealthny.com/site/default.aspx?PageType=3&ModuleInstanceID=190&ViewID=7b97f7ed-8e5e-4120-848f-a8b4987d588f&RenderLoc=0&FlexDataID=108&PageID=126

ਪੂਰੇ ਨਿਊ ਯਾੱਰਕ ਵਿਚ ਸਾਡੇ ਵਿਦਿਆਰਥੀਆਂ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਮਦਦ ਕਰਨ ਲਈ ਸਾਡੀਆਂ ਰੋਜ਼ ਦੀਆਂ ਕੋਸ਼ਿਸ਼ਾਂ ਲਈ ਇੱਕ ਵਾਰੀ ਫਿਰ ਤੁਹਾਡਾ ਸ਼ੁਕਰੀਆ। ਜਦੋਂ ਅਸੀਂ ਇਕੱਠੇ ਹੁੰਦੇ ਹਾਂ, ਤਾਂ ਅਸੀਂ ਯਕੀਨੀ ਬਣਾ ਸਕਦੇ ਹਾਂ ਕਿ ਸਾਡੇ ਵਿਦਿਆਰਥੀ ਅਤੇ ਸਕੂਲੀ ਭਾਈਚਾਰੇ ਆਪਣੇ ਸਕੂਲ ਦੇ ਮਾਹੌਲ ਵਿਚ ਸੁਰੱਖਿਅਤ ਅਤੇ ਮਿਲਣ ਵਾਲੀ ਮਦਦ ਦੀ ਹਿਮਾਇਤ ਮਹਿਸੂਸ ਕਰਨ। ਹਮੇਸ਼ਾ ਵਾਂਗ, ਜੇ ਤੁਸੀਂ ਇਹਨਾਂ ਅਹਿਮ ਵਿਸ਼ਿਆਂ ਬਾਰੇ ਗੱਲਬਾਤ ਕਰਨੀ ਚਾਹੁੰਦੇ ਹੋ ਜਾਂ ਕੋਈ ਵੀ ਚਿੰਤਾਵਾਂ ਸਾਂਝੀਆਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 518-486-6090 'ਤੇ ਵਿਦਿਆਰਥੀ ਸਹਾਇਤਾ ਸੇਵਾਵਾਂ ਬਾਰੇ ਦਫ਼ਤਰ ਜਾਂ studentsupportservices@nysed.gov ਜਾਂ 718-722-2445 'ਤੇ ਦੁਭਾਸ਼ੀ ਸਿੱਖਿਆ ਅਤੇ ਵਿਸ਼ਵ ਭਾਸ਼ਾਵਾਂ ਬਾਰੇ ਦਫ਼ਤਰ ਜਾਂ obewl@nysed.gov ਨਾਲ ਸੰਪਰਕ ਕਰਕੇ ਸਾਡੇ ਤੱਕ ਪਹੁੰਚ ਕਰੋ।